# ਦਫਤਰ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ, ਐਸ.ਏ.ਐਸ ਨਗਰ

ਪੰਜਾਬ ਸਕੂਲ ਸਿੱਖਿਆ ਬੋਰਡ, ਕੰਪਲੈਕਸ, ਈ-ਬਲਾਕ, ਸੱਤਵੀਂ ਮੰਜਿਲ

**(ਕਾਲਜ ਐਜੂਕੇਸ਼ਨ ਸ਼ਾਖਾ)**

dhe.collegeeducation@punjabeducation.gov.in

ਵੱਲ,

ਪ੍ਰਿੰਸੀਪਲ,

ਪੰਜਾਬ ਕਾਲਜ ਆਫ਼ ਲਾਅ,

ਉਸਮਾ, ਜ਼ਿਲ੍ਹਾ ਤਰਨਤਾਰਨ।

ਮੀਮੋ ਨੰ: ਈ-1120402 ਕਾ(1)/ 951

ਮਿਤੀ ਐਸ.ਏ.ਐਸ ਨਗਰ :- 15.07.2026

ਵਿਸ਼ਾ: ਕਾਲਜ ਨੂੰ ਸਹਿ-ਸਿੱਖਿਆ (Co-Education) ਤੋਂ ਕੇਵਲ ਵਿਦਿਆਰਥਣਾਂ ਲਈ (Girls' College) ਤਬਦੀਲ ਕਰਕੇ ਭਵਿੱਖ ਵਿੱਚ ਸਿਰਫ਼ ਵਿਦਿਆਰਥਣਾਂ ਨੂੰ ਦਾਖਲਾ ਦੇਣ ਸਬੰਧੀ।

ਹਵਾਲਾ:- ਆਪ ਦੇ ਪੱਤਰ ਨੰ. PCL/12/26 ਮਿਤੀ 18.03.2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਕਾਲਜ ਆਫ਼ ਲਾਅ, ਉਸਮਾ, ਜ਼ਿਲ੍ਹਾ ਤਰਨਤਾਰਨ ਨੂੰ ਸਹਿ-ਸਿੱਖਿਆ ਤੋਂ ਬਦਲ ਕੇ ਕੇਵਲ ਵਿਦਿਆਰਥਣਾਂ ਲਈ ਕਾਲਜ ਵਜੋਂ ਚਲਾਉਣ ਅਤੇ ਭਵਿੱਖ ਵਿੱਚ ਸਿਰਫ਼ ਵਿਦਿਆਰਥਣਾਂ ਨੂੰ ਹੀ ਦਾਖਲਾ ਦੇਣ ਦੀ ਬੇਨਤੀ 'ਤੇ ਸਮਰੱਥ ਅਧਿਕਾਰੀ ਵੱਲੋਂ ਸ਼ਰਤਾਂ ਨਾਲ ਸਹਿਮਤੀ ਪ੍ਰਦਾਨ ਕੀਤੀ ਗਈ ਹੈ।

*"ਇਹ ਮਨਜ਼ੂਰੀ ਇਸ ਸ਼ਰਤ ਦੇ ਅਧੀਨ ਹੋਵੇਗੀ ਕਿ ਕਾਲਜ ਵਿੱਚ ਪਹਿਲਾਂ ਤੋਂ ਦਾਖਲ ਵਿਦਿਆਰਥੀਆਂ (Boys) ਦੀ ਪੜ੍ਹਾਈ, ਪ੍ਰੀਖਿਆਵਾਂ, ਅਕਾਦਮਿਕ ਗਤੀਵਿਧੀਆਂ ਜਾਂ ਉਨ੍ਹਾਂ ਦੇ ਕਿਸੇ ਵੀ ਅਕਾਦਮਿਕ ਹੱਕ 'ਤੇ ਕੋਈ ਵੀ ਪ੍ਰਤੀਕੂਲ ਪ੍ਰਭਾਵ ਨਹੀਂ ਪੈਣਾ ਚਾਹੀਦਾ। ਕਾਲਜ ਇਹ ਯਕੀਨੀ ਬਣਾਏਗਾ ਕਿ ਪਹਿਲਾਂ ਤੋਂ ਦਾਖਲ ਸਾਰੇ ਵਿਦਿਆਰਥੀ ਆਪਣਾ ਕੋਰਸ ਨਿਰਵਿਘਨ ਪੂਰਾ ਕਰ ਸਕਣ।"*

ਇਸ ਲਈ ਕਾਲਜ ਉਪਰੋਕਤ ਸ਼ਰਤ ਦੀ ਪਾਲਣਾ ਕਰਦੇ ਹੋਏ ਲੋੜੀਂਦੀ ਅਗਲੇਰੀ ਕਾਰਵਾਈ ਕਰਨਾ ਯਕੀਨੀ ਬਣਾਵੇ।

ਡਿਪਟੀ ਡਾਇਰੈਕਟਰ ਕਾਲਜ ਐਜੂਕੇਸ਼ਨ

Scanned with OKEN Scanner